aglasem.com

SAMPLE PAPER

Punjab Board

2024

ਮਾਡਲ ਟੈਸਟ ਪੇਪਰ

ਵਿਸ਼ਾ- ਸਮਾਜਿਕ ਵਿਗਿਆਨ

ਸ਼੍ਰੇਣੀ- ਦਸਵੀਂ

(2023-24)

ਸਮਾਂ: 3 ਘੰਟੇ **ਕੁੱਲ ਅੰਕ : 80**

ਨੋਟ:-

(i) ਪ੍ਰਸ਼ਨ - ਪੱਤਰ 6 ਭਾਗਾਂ (ੳ, ਅ, ੲ, ਸ, ਹ, ਕ) ਵਿੱਚ ਵੰਡਿਆ ਗਿਆ ਹੈ।

(ii) ਭਾਗ- ੳ ਪ੍ਰਸ਼ਨ ਨੰਬਰ 1 ਦੇ 12 ਉਪ ਭਾਗ ਹਨ ਤੇ ਹਰ ਪ੍ਰਸ਼ਨ 1 ਅੰਕ ਦਾ ਹੈ।

(iii) ਭਾਗ- ਅ ਪ੍ਰਸ਼ਨ ਨੰਬਰ 2 ਦੇ 12 ਉਪ ਭਾਗ ਹਨ ਤੇ ਹਰ ਪ੍ਰਸ਼ਨ 1 ਅੰਕ ਦਾ ਹੈ।

(iv) ਭਾਗ- ੲ ਪ੍ਰਸ਼ਨ ਨੰਬਰ 3 ਦੇ 8 ਉਪ ਭਾਗ ਹਨ। ਹਰੇਕ ਪ੍ਰਸ਼ਨ ਦਾ ਉੱਤਰ 30 – 50 ਸ਼ਬਦਾਂ ਵਿੱਚ ਦੇਣਾ ਹੈ ਤੇ ਹਰ ਪ੍ਰਸ਼ਨ 3 ਅੰਕ ਦਾ ਹੈ।

(v) ਭਾਗ- ਸ ਪ੍ਰਸ਼ਨ ਨੰਬਰ 4 ਦੇ 4 ਉਪ ਭਾਗ (100% ਅੰਦਰੂਨੀ ਛੋਟ ਸਮੇਤ) ਹਨ। ਹਰੇਕ ਪ੍ਰਸ਼ਨ ਦਾ ਉੱਤਰ 80 – 100 ਸ਼ਬਦਾਂ ਵਿੱਚ ਦੇਣਾ ਹੈ। ਹਰ ਪ੍ਰਸ਼ਨ 5 ਅੰਕ ਦਾ ਹੈ।

(vi) ਭਾਗ- ਹ ਪ੍ਰਸ਼ਨ ਨੰਬਰ 5 ਸਰੋਤ ਆਧਾਰਤ ਹੈ। ਇਸ ਵਿੱਚ ਚਾਰ ਪ੍ਰਸ਼ਨ ਹਨ ਤੇ ਹਰ ਪ੍ਰਸ਼ਨ 1 ਅੰਕ ਦਾ ਹੈ।

(vii) ਭਾਗ- ਕ ਪ੍ਰਸ਼ਨ ਨੰਬਰ 6 ਮਾਨ - ਚਿੱਤਰ ਨਾਲ ਸੰਬੰਧਤ ਹੈ। ਇਸ ਵਿੱਚ ਦੋ ਉਪ ਭਾਗ ਹਨ। ਭੂਗੋਲ ਭਾਗ ਵਿੱਚੋਂ ਭਾਰਤ ਦੇ ਨਕਸ਼ੇ ਅਤੇ ਇਤਿਹਾਸ ਭਾਗ ਵਿੱਚੋਂ 1947 ਤੋਂ ਪਹਿਲਾਂ ਦੇ ਪੰਜਾਬ ਦੇ ਨਕਸ਼ੇ ਵਿੱਚ 6-6 ਸਥਾਨਾਂ ਵਿੱਚੋਂ 4-4 ਸਥਾਨ ਭਰਨੇ ਹਨ।

ਭਾਗ (ੳ)

1. ਹੇਠ ਲਿਖਿਆਂ ਦੇ ਸਹੀ ਵਿਕਲਪ ਦੀ ਚੋਣ ਕਰੋ। ਸਾਰੇ ਪ੍ਰਸ਼ਨ ਜ਼ਰੂਰੀ ਹਨ। 12 x 1 = 12

(i) ਪੰਜਾਬ ਵਿੱਚ ਜ਼ਮੀਨ ਦੇ ਬੰਜਰ ਹੋਣ ਦਾ ਮੁੱਖ ਕਾਰਨ ਕੀ ਹੈ?

(ੳ) ਸੰਘਣੀ ਖੇਤੀ (ਅ) ਲੋੜ ਤੋਂ ਜ਼ਿਆਦਾ ਸਿੰਜਾਈ

(ੲ) ਜੰਗਲਾਂ ਦੀ ਕਟਾਈ (ਸ) ਪਸ਼ੂਆਂ ਦਾ ਚਰਨਾਂ

(ii) ਬੌਂਬੇ ਹਾਈ ਕੀ ਹੈ?

(ੳ) ਪਹਾੜੀ ਸਥਾਨ (ਅ) ਖਣਿਜ ਤੇਲ ਉਤਪਾਦਕ ਸਥਾਨ

(ੲ) ਕੋਲਾ ਉਤਪਾਦਕ ਪੱਟੀ (ਸ) ਮੈਟਰੋ ਸਟੇਸ਼ਨ

(iii) ਸਰਵਜਨਕ ਕਰਜ਼ ਕੀ ਹੈ?

(ੳ) ਸਰਕਾਰ ਦੁਆਰਾ ਲਏ ਗਏ ਸਾਰੇ ਕਰਜ਼ੇ (ਅ) ਲੋਕਾਂ ਦੁਆਰਾ ਲਏ ਗਏ ਸਾਰੇ ਕਰਜ਼ੇ

(ੲ) ੳ ਅਤੇ ਅ ਦੋਵੇਂ (ਸ) ਉਪਰੋਕਤ ਵਿੱਚੋਂ ਕੋਈ ਨਹੀਂ

(iv) ਸਰਕਾਰ ਦੀ ਮੌਦਰਿਕ ਨੀਤੀ ਦਾ ਸੰਬੰਧ ਕਿਸ ਨਾਲ਼ ਹੈ?

(ੳ) ਸਰਕਾਰ ਦੀ ਆਮਦਨ (ਅ) ਸਰਕਾਰ ਦੇ ਖ਼ਰਚ

(ੲ) ਮੁਦਰਾ ਦੀ ਮੰਗ ਅਤੇ ਪੂਰਤੀ (ਸ) ਭੁਗਤਾਨ ਬਾਕੀ

(v) 2011 ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਪ੍ਰਤੀ 1000 ਪੁਰਸ਼ਾਂ ਪਿੱਛੇ ਔਰਤਾਂ ਦੀ ਗਿਣਤੀ ਕਿੰਨੀ ਹੈ?

(ੳ) 1084 (ਅ) 1000

(ੲ) 918 (ਸ) 895

(vi) ਸਾਲ 2018-19 ਵਿੱਚ ਪ੍ਰਾਥਮਿਕ ਖੇਤਰ ਦੀ ਵਿਕਾਸ ਦਰ ਕਿੰਨੇ ਪ੍ਰਤੀਸ਼ਤ ਸੀ?

(ੳ) 4 (ਅ) 6

(ੲ) 8 (ਸ) 9

(vii) ਭਾਸ਼ਾ ਦੇ ਆਧਾਰ ‘ਤੇ ਪੰਜਾਬ ਦਾ ਪੁਨਰਗਠਨ ਕਦੋਂ ਕੀਤਾ ਗਿਆ ਸੀ?

(ੳ) 15 ਅਗਸਤ, 1947 (ਅ) 1 ਨਵੰਬਰ, 1966

(ੲ) 1 ਜੁਲਾਈ, 1985 (ਸ) 15 ਸਤੰਬਰ, 1999

(viii) ਤਾਤਾਰ ਖ਼ਾਂ ਨੂੰ ਪੰਜਾਬ ਦਾ ਨਿਜ਼ਾਮ ਕਿਸਨੇ ਬਣਾਇਆ?

(ੳ) ਬਹਿਲੋਲ ਲੋਧੀ (ਅ) ਸਿਕੰਦਰ ਲੋਧੀ

(ੲ) ਇਬਰਾਹਿਮ ਲੋਧੀ (ਸ) ਦੌਲਤ ਲੋਧੀ

(ix) ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਵਿੱਚ ਸਿੱਖਾਂ ਦੀ ਅਗਵਾਈ ਕਰਨ ਲਈ ਕਿਸ ਨੂੰ ਭੇਜਿਆ ?

(ੳ) ਨਵਾਬ ਕਪੂਰ ਸਿੰਘ (ਅ) ਜੱਸਾ ਸਿੰਘ ਆਹਲੂਵਾਲੀਆ

(ੲ) ਜੱਸਾ ਸਿੰਘ ਰਾਮਗੜ੍ਹੀਆ (ਸ) ਬੰਦਾ ਸਿੰਘ ਬਹਾਦਰ

(x) ਪਹਿਲਾ ਐਂਗਲੋ- ਸਿੱਖ ਯੁੱਧ ਕਦੋਂ ਹੋਇਆ?

(ੳ) 1834-35 (ਅ) 1843-44

(ੲ) 1845-46 (ਸ) 1847-48

(xi) ‘ਸਮਾਜਵਾਦੀ’, ‘ਧਰਮ ਨਿਰਪੱਖ’ ਅਤੇ ‘ਰਾਸ਼ਟਰ ਦੀ ਅਖੰਡਤਾ’ ਦੇ ਸ਼ਬਦ ਕਿਸ ਸੋਧ ਦੁਆਰਾ ਪ੍ਰਸਤਾਵਨਾ ਵਿੱਚ ਜੋੜੇ ਗਏ?

(ੳ) 40 ਵੀਂ (ਅ) 41 ਵੀਂ

(ੲ) 42 ਵੀਂ (ਸ) 43 ਵੀਂ

(xii) ਕਿਹੜਾ ਦੇਸ਼ ਸੰਯੁਕਤ ਰਾਸ਼ਟਰ ਦਾ ਸਥਾਈ ਮੈਂਬਰ ਨਹੀਂ ਹੈ?

(ੳ) ਰੂਸ (ਅ) ਸੰਯੁਕਤ ਰਾਜ ਅਮਰੀਕਾ

(ੲ) ਚੀਨ (ਸ) ਭਾਰਤ

ਭਾਗ (ਅ)

2. ਵਸਤੂਨਿਸ਼ਠ ਪ੍ਰਸ਼ਨ ਦਿੱਤੇ ਅਨੁਸਾਰ ਹੱਲ ਕਰੋ:- 12 x 1 = 12

ਖ਼ਾਲੀ ਥਾਵਾਂ ਭਰੋ:-

(i) __________ ਕਾਰਨ ਤਾਪਮਾਨ ਵਧਣ ਨਾਲ਼ ਰੇਗਿਸਤਾਨ ਵਰਗੇ ਹਾਲਾਤ ਬਣ ਸਕਦੇ ਹਨ।

(ii) ਸ਼ਬਦ ‘ਅਰਥਸ਼ਾਸਤਰ’ __________ ਭਾਸ਼ਾ ਤੋਂ ਲਿਆ ਗਿਆ ਹੈ।

(iii) ਦੋ ਦਰਿਆਵਾਂ ਦੇ ਵਿਚਾਲੇ ਹਿੱਸੇ ਨੂੰ _________ ਕਹਿੰਦੇ ਹਨ।

(iv) ਭਾਰਤੀ ਸੰਵਿਧਾਨ ਵਿੱਚ __________ ਅਨੁਸੂਚੀਆਂ ਹਨ।

ਸਹੀ/ਗ਼ਲਤ ਲਿਖੋ:-

(v) 1980 ਈ. ਤੋਂ ਬਾਅਦ ਹੁਣ ਤੱਕ ਦੇ ਸਮੇਂ ਨੂੰ ਸਿਲੀਕੋਨ ਯੁੱਗ ਕਹਿੰਦੇ ਹਨ।

(vi) ਕੁੱਲ ਘਰੇਲੂ ਉਤਪਾਦਨ ਆਰਥਿਕ ਵਿਕਾਸ ਦਾ ਇੱਕ ਚੰਗਾ ਮਾਪਕ ਹੈ।

(vii) ਪਾਣੀਪਤ ਦੀ ਪਹਿਲੀ ਲੜਾਈ 21 ਅਪ੍ਰੈਲ, 1526 ਨੂੰ ਹੋਈ।

(viii) ਭਾਰਤੀ ਸੰਵਿਧਾਨ ਵਿੱਚ ਪੰਜ ਤਰ੍ਹਾਂ ਦੇ ਮੌਲਿਕ ਅਧਿਕਾਰ ਹਨ।

ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-

(ix) ਬੀ.ਐਚ.ਈ.ਐਲ. ਦਾ ਪੂਰਾ ਨਾਮ ਲਿਖੋ।

(x) ਨਿੱਜੀ ਖੇਤਰ ਤੋਂ ਕੀ ਭਾਵ ਹੈ?

(xi) ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਸ ਦਾ ਉੱਤਰਾਧਿਕਾਰੀ ਕੌਣ ਬਣਿਆ?

(xii) ਪੰਚਸ਼ੀਲ ਤੋਂ ਤੁਹਾਡਾ ਕੀ ਭਾਵ ਹੈ।

ਭਾਗ (ੲ)

3. ਹਰੇਕ ਪ੍ਰਸ਼ਨ ਦਾ ਉੱਤਰ 30 -50 ਸ਼ਬਦਾਂ ਵਿੱਚ ਦਿਓ:- 8 x 3 = 24

(i) ਸੁੰਦਰਬਨ 'ਤੇ ਨੋਟ ਲਿਖੋ।

(ii) ਸਰਹੱਦੀ ਸੜਕਾਂ ਦਾ ਕੀ ਮਹੱਤਵ ਹੁੰਦਾ ਹੈ?

(iii) ਈ-ਬੈਕਿੰਗ ਕੀ ਹੈ?

(iv) ਵਿਸ਼ਵੀਕਰਨ ਦਾ ਦੇਸ਼ ਵਿੱਚਲੇ ਛੋਟੇ ਉਤਪਾਦਕਾਂ 'ਤੇ ਕੀ ਪ੍ਰਭਾਵ ਪਿਆ?

(v) ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਖੇ ਬਿਤਾਏ ਜੀਵਨ ਦਾ ਵੇਰਵਾ ਦਿਓ।

(vi) ਗੁਰੂ ਅਮਰਦਾਸ ਜੀ ਨੇ ਵਿਆਹ ਦੀਆਂ ਰੀਤਾਂ ਵਿੱਚ ਕੀ-ਕੀ ਸੁਧਾਰ ਕੀਤੇ?

(vii) ਸਿੰਧ ਦੀ ਸਮੱਸਿਆ (ਦੇ ਪ੍ਰਸ਼ਨ) ਬਾਰੇ ਦੱਸੋ।

(viii) ਰਾਜ ਦੇ ਮੁੱਖ-ਮੰਤਰੀ ਦੀ ਨਿਯੁਕਤੀ ਦਾ ਵਰਨਣ ਕਰੋ।

ਭਾਗ (ਸ)

4. ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ:- 4 x 5 = 20

(i) ਰਵਾਇਤੀ ਵਰਖਾ ਜਲ ਪ੍ਰਬੰਧਨ ਨੂੰ ਅਜੋਕੇ ਸਮੇਂ ਵਿੱਚ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ?

ਜਾਂ

ਭਾਰਤ ਵਿੱਚ ਕਪਾਹ ਦੇ ਉਤਪਾਦਨ ਬਾਰੇ ਵਿਸਥਾਰ ਨਾਲ ਲਿਖੋ।

(ii) ਕੀ ਸਾਰੇ ਇਸ਼ਤਿਹਾਰ ਭਰੋਸੇਯੋਗ ਹੁੰਦੇ ਹਨ? ਉਦਹਾਰਨ ਸਹਿਤ ਵਿਆਖਿਆ ਕਰੋ।

ਜਾਂ

ਬੀਮੇ ਦੇ ਲਾਭ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।

(iii) ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?

ਜਾਂ

ਨੌਜਵਾਨ ਭਾਰਤ ਸਭਾ 'ਤੇ ਨੋਟ ਲਿਖੋ।

(iv) ਸੰਸਦ ਵਿੱਚ ਇੱਕ ਬਿਲ ਕਨੂੰਨ ਕਿਵੇਂ ਬਣਦਾ ਹੈ?

ਜਾਂ

ਲੋਕਤੰਤਰ ਨੂੰ ਸਫਲ ਬਣਾਉਣ ਦੀਆਂ ਸ਼ਰਤਾਂ ਲਿਖੋ।

ਭਾਗ (ਹ)

5. ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 4 x 1 = 4

(ੳ) ਦੇਸ਼ਾਂ ਦੀ ਤੁਲਨਾ ਕਰਨ ਲਈ, ਉਹਨਾਂ ਦੀ ਆਮਦਨ ਨੂੰ ਸਭ ਤੋਂ ਮਹੱਤਵਪੂਰਨ ਗੁਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਵੱਧ ਆਮਦਨ ਵਾਲੇ ਦੇਸ਼ ਘੱਟ ਆਮਦਨ ਵਾਲੇ ਦੇਸ਼ਾਂ ਨਾਲੋਂ ਵੱਧ ਵਿਕਸਤ ਹਨ। ਇਹ ਇਸ ਸਮਝ 'ਤੇ ਅਧਾਰਤ ਹੈ ਕਿ ਵਧੇਰੇ ਆਮਦਨੀ ਦਾ ਮਤਲਬ ਹੈ ਉਨ੍ਹਾਂ ਸਾਰੀਆਂ ਵੱਧ ਚੀਜ਼ਾਂ ਜੋ ਮਨੁੱਖਾਂ ਨੂੰ ਲੋੜੀਂਦੀਆਂ ਹਨ, ਜੋ ਵੀ ਲੋਕਾਂ ਨੂੰ ਪਸੰਦ ਹੈ ਅਤੇ ਉਹਨਾਂ ਕੋਲ ਹੋਣਾ ਚਾਹੀਦਾ ਹੈ, ਉਹ ਵੱਧ ਆਮਦਨ ਨਾਲ ਪ੍ਰਾਪਤ ਕਰਨ ਦੇ ਯੋਗ ਹੋਣਗੇ। ਇਸ ਲਈ, ਵਧੇਰੇ ਆਮਦਨ ਆਪਣੇ ਆਪ ਨੂੰ ਇੱਕ ਮਹੱਤਵਪੂਰਨ ਟੀਚਾ ਮੰਨਿਆ ਜਾਂਦਾ ਹੈ। ਹੁਣ, ਇੱਕ ਦੇਸ਼ ਦੀ ਆਮਦਨ ਕੀ ਹੈ? ਸਹਿਜ ਰੂਪ ਵਿੱਚ, ਦੇਸ਼ ਦੀ ਆਮਦਨ ਦੇਸ਼ ਦੇ ਸਾਰੇ ਨਿਵਾਸੀਆਂ ਦੀ ਆਮਦਨ ਹੈ। ਇਸ ਨਾਲ ਸਾਨੂੰ ਦੇਸ਼ ਦੀ ਕੁੱਲ ਆਮਦਨ ਮਿਲਦੀ ਹੈ। ਹਾਲਾਂਕਿ, ਦੇਸ਼ਾਂ ਵਿਚਕਾਰ ਤੁਲਨਾ ਲਈ, ਕੁੱਲ ਆਮਦਨ ਅਜਿਹਾ ਉਪਯੋਗੀ ਮਾਪ ਨਹੀਂ ਹੈ। ਕਿਉਂਕਿ, ਦੇਸ਼ਾਂ ਦੀ ਆਬਾਦੀ ਵੱਖਰੀ ਹੁੰਦੀ ਹੈ, ਕੁੱਲ ਆਮਦਨ ਦੀ ਤੁਲਨਾ ਕਰਨ ਨਾਲ ਸਾਨੂੰ ਇਹ ਨਹੀਂ ਪਤਾ ਲੱਗੇਗਾ ਕਿ ਔਸਤ ਵਿਅਕਤੀ ਕੀ ਕਮਾ ਸਕਦਾ ਹੈ। ਕੀ ਇੱਕ ਦੇਸ਼ ਦੇ ਲੋਕ ਦੂਜੇ ਦੇਸ਼ ਦੇ ਲੋਕਾਂ ਨਾਲੋਂ ਬਿਹਤਰ ਹਨ? ਇਸ ਲਈ, ਅਸੀਂ ਔਸਤ ਆਮਦਨ ਦੀ ਤੁਲਨਾ ਕਰਦੇ ਹਾਂ ਜੋ ਦੇਸ਼ ਦੀ ਕੁੱਲ ਆਮਦਨ ਨੂੰ ਇਸਦੀ ਕੁੱਲ ਆਬਾਦੀ ਦੁਆਰਾ ਵੰਡਿਆ ਜਾਂਦਾ ਹੈ। ਔਸਤ ਆਮਦਨ ਨੂੰ ਪ੍ਰਤੀ ਵਿਅਕਤੀ ਆਮਦਨ ਵੀ ਕਿਹਾ ਜਾਂਦਾ ਹੈ। ਵਿਸ਼ਵ ਬੈਂਕ ਦੁਆਰਾ ਸਾਹਮਣੇ ਆਈਆਂ ਵਿਸ਼ਵ ਵਿਕਾਸ ਰਿਪੋਰਟਾਂ ਵਿੱਚ, ਇਸ ਮਾਪਦੰਡ ਦੀ ਵਰਤੋਂ ਦੇਸ਼ਾਂ ਨੂੰ ਸ਼੍ਰੇਣੀਬੱਧ ਕਰਨ ਲਈ ਕੀਤੀ ਜਾਂਦੀ ਹੈ। ਸੰਨ 2019 ਦੇ ਅੰਕੜਿਆਂ ਵਿੱਚ $ 49,300 ਪ੍ਰਤੀ ਸਾਲ ਅਤੇ ਇਸ ਤੋਂ ਵੱਧ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ਾਂ ਨੂੰ ਉੱਚ ਆਮਦਨੀ ਜਾਂ ਅਮੀਰ ਦੇਸ਼ ਕਿਹਾ ਜਾਂਦਾ ਹੈ ਅਤੇ $ 2500 ਜਾਂ ਇਸ ਤੋਂ ਘੱਟ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ਾਂ ਨੂੰ ਘੱਟ ਆਮਦਨ ਵਾਲੇ ਦੇਸ਼ ਕਿਹਾ ਜਾਂਦਾ ਹੈ। ਅਮੀਰ ਦੇਸ਼, ਮੱਧ ਪੂਰਬ ਦੇ ਦੇਸ਼ਾਂ ਅਤੇ ਕੁਝ ਹੋਰ ਛੋਟੇ ਦੇਸ਼ਾਂ ਨੂੰ ਛੱਡ ਕੇ, ਨੂੰ ਆਮ ਤੌਰ 'ਤੇ ਵਿਕਸਤ ਦੇਸ਼ ਕਿਹਾ ਜਾਂਦਾ ਹੈ।

ਉਪਰੋਕਤ ਪੈਰ੍ਹੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-

(i) ਪ੍ਰਤੀ ਵਿਅਕਤੀ ਆਮਦਨ ਦਾ ਕੀ ਮਹੱਤਵ ਹੁੰਦਾ ਹੈ? 1

(ii) ਪ੍ਰਤੀ ਵਿਅਕਤੀ ਆਮਦਨ ਦੇ ਅਧਾਰ 'ਤੇ ਦੇਸ਼ਾਂ ਦੇ ਕਿਹੜੇ-ਕਿਹੜੇ ਵਰਗ ਹਨ? 1

(iii) ਆਰਥਿਕ ਵਰਗੀਕਰਨ ਨੂੰ ਨਿਰਧਾਰਤ ਕਰਨ ਲਈ ਕਿਹੜੀ ਇਕਾਈ ਜ਼ਿੰਮੇਵਾਰ ਹੈ? 1

(iv) ਯੂ.ਐੱਸ. $ (ਡਾਲਰ)ਕਿਹੜੇ ਦੇਸ਼ ਦੀ ਮੁੱਦਰਾ ਹੈ? 1

ਭਾਗ (ਕ)

6. ਮਾਨ ਚਿੱਤਰ ਦਿੱਤੇ ਅਨੁਸਾਰ ਭਰੋ:- **4+4=8**

(i) ਭਾਰਤ ਦੇ ਮਾਨ - ਚਿੱਤਰ ਵਿੱਚ ਕੋਈ ਚਾਰ ਸਥਾਨ ਭਰੋ:–

ਸਤਲੁੱਜ ਦਰਿਆ ਉੱਪਰ ਸਥਾਪਿਤ ਭਾਖੜਾ ਨੰਗਲ ਡੈਮ, ਚਿਲਕਾ ਝੀਲ, ਕੋਈ ਇੱਕ ਚੌਲ ਉਤਪਾਦਕ ਰਾਜ, ਕੋਈ ਇੱਕ ਕੋਲਾ ਉਤਪਾਦਕ ਖੇਤਰ, ਕੋਈ ਇੱਕ ਤੇਲ ਰਿਫਾਈਨਰੀ, ਕੋਈ ਇੱਕ ਸੂਤੀ ਕੱਪੜਾ ਉਦਯੋਗ ਕੇਂਦਰ

(ii) ਪੰਜਾਬ ਦੇ ਮਾਨ - ਚਿੱਤਰ ਵਿੱਚ ਕੋਈ ਚਾਰ ਸਥਾਨ ਭਰੋ:–

ਆਨੰਦਪੁਰ ਸਾਹਿਬ, ਗੁਰਦਾਸ ਨੰਗਲ, ਲਾਹੌਰ, ਬੱਦੋਵਾਲ, ਗੁਜਰਾਤ, ਸਢੌਰਾ